# PUNJABI (Compulsory)

**Time Allowed : 3 Hours** **Max. Marks : 45**

ਨੋਟ : (i) ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰ ਪ੍ਰਸ਼ਨ ਦੇ ਸਮੁੱਚੇ ਭਾਗ ਇੱਕ ਥਾਂ ਉੱਪਰ ਹੱਲ ਕੀਤੇ ਜਾਣ। ਲਿਖਾਈ ਸਾਫ਼ ਤੇ ਸਪਸ਼ਟ ਹੋਣੀ ਚਾਹੀਦੀ ਹੈ।

1. (ੳ) ਹੇਠ ਲਿਖੇ ਕਾਵਿ ਟੋਟਿਆਂ ਵਿਚੋਂ ਕਿਸੇ ਇੱਕ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :

(i) ਮਾਂ ਵਰਗਾ ਘਣ-ਛਾਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸੁਰਗ ਬਣਾਏ।
ਬਾਕੀ ਕੁਲ ਦੁਨੀਆ ਦੇ ਬੂਟੇ
ਜੜ ਸੁੱਕਿਆ ਮੁਰਝਾਂਦੇ,
ਐਪਰ ਫੁੱਲਾ ਦੇ ਮੁਰਝਾਇਆਂ,

(ii) ਕੀ ਇਹ ਇਨਸਾਫ਼ ਹਉਮੈ ਦੇ ਪੁੱਤ ਕਰਨਗੇ
ਕੀ ਇਹ ਖਾਮੋਸ਼ ਪੱਥਰ ਦੇ ਬੁਤ ਕਰਨਗੇ
ਜੋ ਸਲੀਬਾ ਤੇ ਟੰਗੇ ਨੇ ਲੱਥਣੇ ਨਹੀਂ
ਰਾਜ ਬਦਲਣਗੇ ਸੂਰਜ ਚੜ੍ਹਨ ਲਹਿਣਗੇ। 5

(ਅ) ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਅਤੇ ਕੇਂਦਰੀ ਭਾਵ ਲਿਖੋ :

(i) ਚਰਖਾ

(ii) ਅਸਾਂ ਤਾਂ ਜੋਬਨ ਰੁੱਤੇ ਮਰਨਾ 10

https://questionpaperesult.com/

Scanned by CamScanner

2. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਦੇ ਲਘੂ ਉੱਤਰ ਦਿਉ :

(i) 'ਵਿਸਾਖੀ ਦਾ ਮੇਲਾ' ਕਵਿਤਾ ਕਿਸ ਕਵੀ ਦੀ ਰਚਨਾ ਹੈ ?

(ii) 'ਜਵਾਨ ਪੰਜਾਬ ਦੇ' ਕਵਿਤਾ ਵਿਚ ਪੰਜਾਬ ਵਿੱਚ ਕਿਹੜੇ-ਕਿਹੜੇ ਦਰਿਆਵਾਂ ਦਾ ਜ਼ਿਕਰ ਆਇਆ ਹੈ ?

(iii) ਗੁਲਾਬ ਦੇ ਫੁੱਲ ਦੇ ਮੁਰਝਾਉਣ ਤੇ ਕੀ ਹੋਇਆ ?

(iv) ਕਵੀ ਅਮਨ ਦੀ ਅੱਖ ਚੁੱਭਣ 'ਤੇ ਕਿਹਨਾਂ ਨੂੰ ਫੂਕਾਂ ਮਾਰਨ ਲਈ ਕਹਿੰਦਾ ਹੈ ?

(v) 'ਖ਼ਜ਼ਾਨਾ' ਕਵਿਤਾ ਦਾ ਰਚਨਾਕਾਰ ਕੌਣ ਹੈ ?

(vi) 'ਦੇਖ ਕਬੀਰਾ ਰੋਇਆ ਕਵਿਤਾ ਦੀ ਸੁਰ ਕਿਹੋ ਜਿਹੀ ਹੈ ?

(vii) 'ਗੁਰੂ ਨਾਨਕ ਨੂੰ' ਕਵਿੱਤਾ ਦਾ ਸੰਬੰਧ ਕਿਹੜੀ ਦੁਖਾਂਤਕ ਘਟਨਾ ਨਾਲ ਹੈ ?

(viii) 'ਸੁਕਸਤ ਨੇ ਮੁੱਖ ਪਾਤਰ ਨੂੰ ਮਿਲਣ ਤੋਂ ਕਿਉਂ ਇਨਕਾਰ ਕੀਤਾ ਸੀ ? $5 \times 1 = 5$

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇੱਕ ਉੱਤੇ 500 ਸ਼ਬਦਾਂ ਵਿਚ ਲੇਖ ਲਿਖੋ :

(i) ਨੌਜਵਾਨਾਂ ਵਿਚ ਪਰਵਾਸ ਦੀ ਇਛਾ

(ii) ਸੋਸ਼ਲ ਮੀਡੀਆ

(iii) ਅਜੋਕੀ ਵਿਦਿਅਕ ਪ੍ਰਣਾਲੀ

(iv) ਪ੍ਰਦੂਸ਼ਣ 10

4. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਦਿਉ :

ਕਿਰਤ ਜੀਵਨ ਦੀ ਲੋੜ ਹੈ। ਇਹ ਉਸਾਰੂ ਤੇ ਉਭਾਰੂ ਮਨੁੱਖੀ ਕਰਮ ਹੈ। ਇਸ ਤੋਂ ਬਿਨਾਂ ਮਨੁੱਖ ਨਿਕੰਮਾ ਹੈ, ਉਸ ਦਾ ਸ਼ਰੀਰ ਹੀ ਵਿਹਲੜ ਤੇ ਨਿਕੰਮਾ ਨਹੀਂ ਹੁੰਦਾ, ਉਸ ਦੀ ਆਤਮਾ ਤੇ ਬੁੱਧੀ ਵੀ ਭੱਦੀ ਤੇ ਭੈੜੀ ਹੁੰਦੀ ਹੈ। ਕਿਰਤ ਦਾ ਆਰਥਿਕ ਲਾਭ ਤਾਂ ਹੈ ਹੀ ਕਿ ਇਹ ਮਨੁੱਖ ਦੀ ਮੁੱਖ ਸੰਪਤੀ ਵਿਚ ਵਾਧਾ ਕਰਦੀ ਹੈ। ਇਸ ਦਾ ਆਤਮਿਕ ਲਾਭ ਵੀ ਹੈ ਕਿ ਇਹ ਵਿਅਰਥ ਦੰਦਲ ਦੌੜਾਂ ਤੇ ਵਿਕਾਰਾਂ ਤੋਂ ਵੀ ਰੋਕਦੀ ਹੈ। ਸੱਚੀ ਕਿਰਤ ਦੁਆਰਾ ਜੀਵਨ ਕਟੋਰੇ ਵਿਚ ਨੱਕੋ ਨੱਕ ਭਰਪੂਰ ਅੰਮ੍ਰਿਤ ਭਰਿਆ ਜਾਂਦਾ ਹੈ। ਭੁੱਖ ਮਿਟਦੀ ਹੈ, ਸੁੱਖ ਉਪਜਦਾ ਹੈ। ਇਹ ਜੀਵਨ ਨੂੰ ਸੁਗੰਧਿਤ ਬਣਾ ਕੇ ਇਸ ਦੇ ਨਸ਼ੇ ਵਿਚ ਗੜੂੰਦ ਹੋਣ ਦਾ ਪਰਮ ਕਾਰਜ ਵੀ ਕਰਦੀ ਹੈ। ਇਹ ਜੀਵਨ ਨੂੰ ਮਾਨਣ, ਜਾਨਣ ਅਤੇ ਅਦਰਸ਼ ਵਿਚ ਢਾਲਣ ਦਾ ਪਰਮ ਸ੍ਰੇਸ਼ਟ ਕਿੱਤਾ ਹੈ। 5

5. (ੳ) ਉਚਾਰਨ ਵਿਧੀ ਦੇ ਆਧਾਰ ਤੇ ਪੰਜਾਬੀ ਵਿਅੰਜਨਾਂ ਦਾ ਵਰਗੀਕਰਨ ਕਰੋ।

ਜਾਂ

ਪੰਜਾਬੀ ਧੁਨੀ ਪ੍ਰਬੰਧ ਬਾਰੇ ਜਾਣਕਾਰੀ ਦਿਉ। 6

(ਅ) ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਦਿਓ :

(i) ਰੂਪ ਦੇ ਅਧਾਰ ਤੇ ਸ਼ਬਦ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?

(ii) ਵਧੇਤਰ ਕਿਸ ਨੂੰ ਆਖਦੇ ਹਨ ? ਇਸ ਦੀਆਂ ਕਿਸਮਾਂ ਦੱਸੋ।

(iii) ਇੱਕ ਸੰਯੁਕਤ ਅਤੇ ਇਕ ਮਿਸ਼ਰਤ ਵਾਕ ਲਿਖੋ।

(iv) ਵਾਕ ਅਤੇ ਉਪਵਾਕ ਵਿਚਲਾ ਅੰਤਰ ਸਪਸ਼ਟ ਕਰੋ। 4

https://questionpaperesult.com/

Scanned by CamScanner